# ਸਭਿਆਚਾਰਕ ਅਤੇ ਭਾਸ਼ਾਈ ਤੌਰ ‘ਤੇ ਵਿਵਿਧ (CaLD) ਭਾਈਚਾਰਿਆਂ ਲਈ ਵਲੰਟੀਅਰ ਬਣਨ ਬਾਰੇ ਜਾਣ ਪਛਾਣ





# ਵਲੰਟੀਅਰ ਬਣਨਾ ਕੀ ਹੁੰਦਾ ਹੈ?

**ਵਲੰਟੀਅਰ ਬਣਨ ਦਾ ਅਰਥ ਹੈ ਆਮ ਭਲਾਈ ਲਈ ਅਤੇ ਬਿਨਾਂ ਕਿਸੇ ਵਿੱਤੀ ਲਾਭ ਦੇ ਸਵੈ-ਇੱਛਾ ਨਾਲ ਸਮਾਂ ਦੇਣਾ।**

ਇਸ ਅੰਦਰ ਬਹੁਤ ਤਰ੍ਹਾਂ ਦੀਆਂ ਗਤੀਵਿਧੀਆਂ ਆਉਂਦੀਆਂ ਹਨ ਅਤੇ ਇਹ ਰਸਮੀ ਤੌਰ 'ਤੇ ਕਿਸੇ ਸੰਗਠਨ ਨਾਲ ਜਾਂ ਗੈਰ-ਰਸਮੀ ਤੌਰ 'ਤੇ ਪਰਿਵਾਰ, ਗੁਆਂਢੀਆਂ ਅਤੇ ਸਥਾਨਕ ਕਮਿਊਨਿਟੀ ਦੇ ਰਾਹੀਂ ਕੀਤਾ ਜਾ ਸਕਦਾ ਹੈ।

ਇਹ ਭੁਗਤਾਨ ਵਾਲਾ ਕੰਮ ਨਹੀਂ ਹੁੰਦਾ

# ਵਲੰਟੀਅਰ ਕਿਉਂ ਬਣੀਏ?

**ਵਲੰਟੀਅਰ ਬਣਨ ਨਾਲ ਮਹੱਤਵਪੂਰਨ ਕੰਮ ਦਾ ਤਜਰਬਾ, ਹੁਨਰ, ਗਿਆਨ ਅਤੇ ਇਸ ਗੱਲ ਦੀ ਸਮਝ ਮਿਲਦੀ ਹੈ ਕਿ ਕਿਸੇ ਆਸਟ੍ਰੇਲੀਆਈ ਸੰਗਠਨ ਜਾਂ ਕੰਪਨੀ ਵਿੱਚ ਕੰਮ ਕਰਨਾ ਕਿਹੋ ਜਿਹਾ ਹੁੰਦਾ ਹੈ।**

ਵਲੰਟੀਅਰ ਕੰਮ ਤੁਹਾਨੂੰ ਵਿਸ਼ਾਲ ਭਾਈਚਾਰੇ ਨਾਲ ਜੋੜਦਾ ਹੈ ਅਤੇ ਤੁਹਾਡੀਆਂ ਰੁਜ਼ਗਾਰ ਦੀਆਂ ਸੰਭਾਵਨਾਵਾਂ ਨੂੰ ਸੁਧਾਰ ਸਕਦਾ ਹੈ।

ਵਲੰਟੀਅਰ ਕੰਮ ਕਰਨ ਦੇ ਮੌਕੇ ਆਸਟ੍ਰੇਲੀਆਈ ਸਮਾਜ ਵਿੱਚ ਸੱਚਾ ਯੋਗਦਾਨ ਪਾਉਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

ਵਾਲੰਟੀਅਰ ਕੰਮ ਕਰਨਾ ਤੁਹਾਡੀ ਮਾਨਸਿਕ ਸਿਹਤ ਲਈ ਚੰਗਾ ਹੈ ਅਤੇ ਨਵੇਂ ਦੋਸਤ ਬਣਾਉਣ, ਅਤੇ ਮਜ਼ੇਦਾਰ ਅਤੇ ਸਾਰਥਕ ਤਜਰਬੇ ਲੈਣ ਦੇ ਮੌਕੇ ਦਿੰਦਾ ਹੈ।






# ਵਲੰਟੀਅਰ ਕੰਮ ਕਰਨਾ ਆਸਟ੍ਰੇਲੀਆਈ ਸਭਿਆਚਾਰ ਦਾ ਇੱਕ ਮਹੱਤਵਪੂਰਨ ਪਹਿਲੂ ਹੈ

ਵੈਸਟਰਨ ਆਸਟ੍ਰੇਲੀਆ ਵਿੱਚ ਪੰਜ ਵਿੱਚੋਂ ਚਾਰ ਲੋਕ ਵਲੰਟੀਅਰ ਕੰਮ ਕਰਦੇ ਹਨ।

ਇਹ WA (ਵੈਸਟਰਨ ਆਸਟ੍ਰੇਲੀਆ) ਦੀ ਅਰਥ ਵਿਵਸਥਾ ਵਿੱਚ $39 ਬਿਲੀਅਨ ਡਾਲਰ ਦਾ ਯੋਗਦਾਨ ਪਾਉਂਦਾ ਹੈ।

ਵਲੰਟੀਅਰ ਅਜਿਹਾ ਕੋਈ ਵੀ ਵਿਅਕਤੀ ਹੁੰਦਾ ਹੈ ਜੋ ਸਵੈਇੱਛੁਕ ਅਧਾਰ ‘ਤੇ ਆਪਣੇ ਭਾਈਚਾਰੇ ਦੀ ਸਹਾਇਤਾ ਕਰਨੀ ਚਾਹੁੰਦਾ ਹੈ।

# ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਵਲੰਟੀਅਰ ਕੰਮ ਕਰ ਰਿਹਾ/ਰਹੀ ਹਾਂ?



**ਜਦੋਂ ਤੁਸੀਂ ਵਲੰਟੀਅਰ ਕੰਮ ਕਰਦੇ ਹੋ ਤਾਂ ਤੁਸੀਂ:**

- ਆਪਣਾ ਸਮਾਂ ਅਤੇ ਹੁਨਰ ਦੇਣ ਦੀ ਚੋਣ ਕਰਦੇ ਹੋ – ਤੁਹਾਨੂੰ ਮਜਬੂਰ ਨਹੀਂ ਕੀਤਾ ਜਾਂਦਾ।
- ਕਮਿਉਨਿਟੀ ਵਿੱਚ – ਤੁਹਾਡੇ ਗੁਆਂਢੀਆਂ, ਤੁਹਾਡੇ ਧਰਮ-ਅਧਾਰਤ ਸੰਗਠਨ ਜਾਂ ਵਧੇਰੇ ਰਸਮੀ ਤੌਰ 'ਤੇ ਕਿਸੇ ਸੰਗਠਨ, ਕਮਿਉਨਿਟੀ ਸਮੂਹ, ਸਪੋਰਟਸ ਕਲੱਬ ਜਾਂ ਸਕੂਲ ਦੇ ਰਾਹੀਂ – ਸਹਾਇਤਾ ਕਰਦੇ ਹੋ
- ਕਿਸੇ ਗੈਰ-ਮੁਨਾਫਾ ਸੰਗਠਨ ਵਿੱਚ ਕੰਮ ਕਰਦੇ ਹੋ

**ਕੀ ਤੁਸੀ ਜਾਣਦੇ ਹੋ? ਆਮ ਤੌਰ 'ਤੇ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਵਲੰਟੀਅਰ ਪ੍ਰਤੀ ਹਫ਼ਤਾ 15 ਘੰਟੇ ਤੋਂ ਵੱਧ ਸਮੇਂ ਲਈ ਵਲੰਟੀਅਰ ਦੀ ਭੂਮਿਕਾ ਵਿੱਚ ਕੰਮ ਨਾ ਕਰਨ**

ਨੋਟ: ਸੈਂਟਰਲਿੰਕ ਭੁਗਤਾਨ ਪ੍ਰਾਪਤ ਕਰਨ ਵਾਲਿਆਂ ਲਈ ਬਹੁਤ ਸਾਰੇ ਵਲੰਟੀਅਰ ਕੰਮ ਕਰਨ ਦੇ ਮੌਕੇ ਹੁੰਦੇ ਹਨ। ਜੇ ਤੁਸੀਂ ਸੈਂਟਰਲਿੰਕ ਦੇ ਆਪਸੀ ਜ਼ਿੰਮੇਵਾਰੀ ਪ੍ਰੋਗਰਾਮ ਦੇ ਤਹਿਤ ਵਲੰਟੀਅਰ ਬਣਨ ਦੇ ਮੌਕੇ ਲੱਭ ਰਹੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਜਿਸ ਸੰਗਠਨ ਨਾਲ ਤੁਸੀਂ ਵਲੰਟੀਅਰ ਕੰਮ ਕਰ ਰਹੇ ਹੋ, ਉਹ ਸੈਂਟਰਲਿੰਕ ਵੱਲੋਂ ਮਨਜ਼ੂਰਸ਼ੁਦਾ ਹੈ।

# ਵਲੰਟੀਅਰ ਕੰਮ ਦੀਆਂ ਕਿਸਮਾਂ - ਤੁਹਾਡੇ ਲਈ ਕੀ ਅਨੁਕੂਲ ਹੈ?

- ਨਿਯਮਿਤ – ਹਰ ਹਫ਼ਤੇ
- ਮਹੀਨੇ ਵਿੱਚ ਇੱਕ ਵਾਰ
- ਵਿਸ਼ੇਸ਼ ਸਮਾਗਮ
- ਘਰੋਂ

ਤੁਹਾਡੀਆਂ ਵਲੰਟੀਅਰ ਬਣਨ ਦੀਆਂ ਲੋੜਾਂ ਨੂੰ ਤੁਹਾਡੀ ਜੀਵਨ ਸ਼ੈਲੀ, ਤੁਹਾਡੇ ਪਰਿਵਾਰ ਅਤੇ ਤੁਹਾਡੀਆਂ ਹੋਰ ਵਚਨਬੱਧਤਾਵਾਂ ਦੇ ਦੁਆਲੇ ਫਿੱਟ ਬੈਠਣ ਦੀ ਲੋੜ ਹੁੰਦੀ ਹੈ।









# ਉਹ ਖੇਤਰ ਜਿਨ੍ਹਾਂ ਵਿੱਚ ਤੁਸੀਂ ਵਲੰਟੀਅਰ ਕੰਮ ਕਰ ਸਕਦੇ ਹੋ ਅਤੇ ਕੰਮ ਦੀਆਂ ਕਿਸਮਾਂ

**ਇਹ ਵਲੰਟੀਅਰ ਕੰਮ ਦੀਆਂ ਉਪਲਬਧ ਕਿਸਮਾਂ ਦੀਆਂ ਕੁਝ ਉਦਾਹਰਨਾਂ ਹਨ। ਤੁਹਾਡਾ ਸਥਾਨਕ ਵਲੰਟੀਅਰ ਰਿਸੋਰਸ ਸੈਂਟਰ ਤੁਹਾਨੂੰ ਇਹ ਅਤੇ ਹੋਰ ਵੀ ਬਹੁਤ ਕੁਝ ਦਿਖਾ ਸਕਦਾ ਹੈ।**



ਟਿਊਸ਼ਨ ਪੜ੍ਹਾਉਣਾ ਅਤੇ ਸਲਾਹ ਦੇਣਾ – ਕੰਪਿਊਟਰ, ਮੋਬਾਈਲ ਫੋਨ ਅਤੇ ਟੈਬਲੇਟ ਨੂੰ ਵਰਤਣਾ ਸਿੱਖਣ ਵਿੱਚ ਲੋਕਾਂ ਦੀ ਸਹਾਇਤਾ ਕਰਨਾ ਜਾਂ ਸਕੂਲ ਜਾਂ ਹੋਮਵਰਕ ਕਲੱਬ ਵਿੱਚ ਸਹਾਇਤਾ ਕਰਨੀ। ਬਹੁਤ ਸਾਰੇ ਬੱਚੇ ਅਤੇ ਬਾਲਗ ਹਨ ਜੋ ਤੁਹਾਡੇ ਸਮੇਂ, ਤਜਰਬੇ ਅਤੇ ਇੱਥੋਂ ਤਕ ਕਿ ਤੁਹਾਡੀ ਭਾਸ਼ਾ ਤੋਂ ਲਾਭ ਲੈ ਸਕਦੇ ਹਨ। ਕਿਸੇ ਕਮਜ਼ੋਰ ਬੱਚੇ ਜਾਂ ਨੌਜਵਾਨ ਲਈ ਰੋਲ ਮਾਡਲ ਬਣਨ ਨਾਲ ਜੀਵਨ ਦੇ ਅਨਮੋਲ ਹੁਨਰ ਮਿਲ ਸਕਦੇ ਹਨ ਅਤੇ ਉਨ੍ਹਾਂ ਦੇ ਵਿਦਿਅਕ ਨਤੀਜਿਆਂ ਵਿੱਚ ਸੁਧਾਰ ਹੋ ਸਕਦਾ ਹੈ।



ਕਿਸੇ ਕਮਿਉਨਿਟੀ ਸੰਗਠਨ ਦੇ ਦਫਤਰ ਵਿੱਚ ਸਹਾਇਤਾ ਕਰਨਾ – ਫੋਨਾਂ ਦੇ ਉੱਤਰ ਦੇਣਾ, ਹਿਸਾਬ ਕਿਤਾਬ ਕਰਨਾ ਜਾਂ ਲਿਖਣਾ, ਖਾਸ ਦਸਤਾਵੇਜ਼ ਤਿਆਰ ਕਰਨੇ ਜਾਂ ਸਟਾਫ਼ ਦੀ ਉਨ੍ਹਾਂ ਦੇ ਪ੍ਰਸ਼ਾਸ਼ਕੀ ਕੰਮਾਂ ਵਿੱਚ ਸਹਾਇਤਾ ਕਰਨੀ। ਫੰਡ ਇਕੱਠਾ ਕਰਨ ਅਤੇ ਮਾਰਕੀਟਿੰਗ ਵਿੱਚ ਦਿਲਚਸਪੀ ਰੱਖਣ ਵਾਲੇ ਲੋਕਾਂ ਲਈ, ਅਤੇ ਇੱਥੋਂ ਤੱਕ ਕਿ ਮੈਨੇਜਮੈਂਟ ਬੋਰਡਾਂ ਵਿੱਚ ਵੀ ਕੰਮ ਕਰਨ ਦੇ ਮੌਕੇ ਹੁੰਦੇ ਹਨ। ਇੱਥੋਂ ਤੱਕ ਕਿ ਕੁਝ ਪ੍ਰਸ਼ਾਸਕੀ ਕੰਮ ਘਰੋਂ ਵੀ ਕੀਤੇ ਜਾ ਸਕਦੇ ਹਨ, ਜਿਵੇਂ ਕਿ ਸੋਸ਼ਲ ਮੀਡੀਆ, ਵੈੱਬ ਡਿਜ਼ਾਈਨ ਅਤੇ ਨਿਊਜ਼ਲੈਟਰ ਲਿਖਣੇ।





ਜਾਨਵਰਾਂ ਦੀ ਮਦਦ ਕਰਨਾ – ਜ਼ਖ਼ਮੀ ਅਤੇ ਬੇਘਰ ਜਾਨਵਰਾਂ ਦੀ ਮਦਦ ਕਰਨਾ, ਉਹਨਾਂ ਨੂੰ ਭੋਜਨ ਖਿਲਾਉਣਾ, ਪਿੰਜਰੇ ਸਾਫ਼ ਕਰਨਾ ਜਾਂ ਆਮ ਦੇਖਭਾਲ ਮੁਹੱਈਆ ਕਰਨਾ। ਜ਼ਖ਼ਮੀ ਜਾਨਵਰਾਂ ਨੂੰ ਚੁੱਕ ਕੇ ਜਾਨਵਰਾਂ ਦੀ ਸ਼ਰਨ ਵਿੱਚ ਲਿਜਾਉਣਾ ਸ਼ਾਮਲ ਹੋ ਸਕਦਾ ਹੈ।

ਵਾਤਾਵਰਣ ਦੀ ਮਦਦ ਕਰਨਾ – ਰੁੱਖ ਲਗਾਉਣਾ ਅਤੇ ਪਾਰਕਾਂ ਅਤੇ ਜਲ ਮਾਰਗਾਂ ਤੋਂ ਕੂੜਾ ਚੁੱਕਣਾ। ਤੁਸੀਂ ਆਪਣੇ ਸਥਾਨਕ ਜੱਦੀ ਬੁਸ਼ਲੈਂਡ ਗਰੁੱਪ ਦੇ ਮੈਂਬਰ ਬਣ ਸਕਦੇ ਹੋ ਜਾਂ ਨੌਜਵਾਨਾਂ ਲਈ ਸਿੱਖਿਆ ਕਲਾਸਾਂ ਚਲਾ ਸਕਦੇ ਹੋ।

ਬਜ਼ੁਰਗਾਂ, ਸ਼ਰਨਾਰਥੀਆਂ ਜਾਂ ਅਪਾਹਜਤਾ ਜਾਂ ਮਾਨਸਿਕ ਬਿਮਾਰੀ ਨਾਲ ਜੀ ਰਹੇ ਲੋਕਾਂ ਸਮੇਤ ਕਮਿਉਨਿਟੀ ਦੇ ਕਮਜ਼ੋਰ ਮੈਂਬਰਾਂ ਦੀ ਮਦਦ ਕਰਨਾ। ਇਸ ਵਿੱਚ ਖ਼ਰੀਦਦਾਰੀ ਕਰਨ ਜਾਂ ਦਵਾਈ ਲੈਣ ਵਿੱਚ ਸਹਾਇਤਾ ਕਰਨਾ, ਅਤੇ ਨਾਲ ਹੀ ਸਮਾਜਿਕ ਸੰਬੰਧ ਜਿਵੇਂ ਕਿ ਲੋਕਾਂ ਨੂੰ ਦਿਨ ਲਈ ਬਾਹਰ ਲਿਜਾਉਣਾ ਜਾਂ ਉਨ੍ਹਾਂ ਦੇ ਘਰ ਜਾਂ ਦੇਖਭਾਲ ਸਹੂਲਤ ਵਿੱਚ ਉਨ੍ਹਾਂ ਨੂੰ ਮਿਲਣ ਜਾਣਾ ਸ਼ਾਮਲ ਹੋ ਸਕਦਾ ਹੈ। ਤੁਸੀਂ ਸਮੂਹ ਸਮਾਜਿਕ ਸਮਾਗਮਾਂ ਦਾ ਆਯੋਜਨ ਕਰ ਸਕਦੇ ਹੋ ਜਾਂ ਫੋਨ ਕਰਕੇ ਕਿਸੇ ਦਾ ਹਾਲ-ਚਾਲ ਪੁੱਛ ਸਕਦੇ ਹੋ ਜੋ ਅਲੱਗ-ਥਲੱਗ ਹੈ ਅਤੇ ਜਿਸਨੂੰ ਕਿਸੇ ਦੋਸਤ ਦੀ ਲੋੜ ਹੈ।

ਖੇਡ ਨਾਲ ਸਬੰਧੀ ਵਲੰਟੀਅਰ ਕੰਮ – ਸਮੇਂ ਦਾ ਹਿਸਾਬ ਰੱਖਣਾ, ਕੋਚਿੰਗ, ਪ੍ਰਸ਼ਾਸਨ, ਆਯੋਜਨਾਂ ਵਿੱਚ ਸਹਾਇਤਾ ਕਰਨੀ ਅਤੇ ਵਿਸ਼ੇਸ਼ ਮਾਨਤਾ ਵਾਲੇ ਦਿਨਾਂ ਵਿੱਚ ਸ਼ਾਮਲ ਹੋਣਾ। ਤੁਸੀਂ ਸਪੋਰਟਿੰਗ ਕਲੱਬ ਕਮੇਟੀ ਵਿੱਚ ਵੀ ਸ਼ਾਮਲ ਹੋਣਾ ਚਾਹ ਸਕਦੇ ਹੋ।

ਡ੍ਰਾਇਵਿੰਗ - ਲੋਕਾਂ ਨੂੰ ਅਪਾਇੰਟਮੈਂਟਾਂ, ਸਮਾਜਿਕ ਕੰਮਾਂ ਜਾਂ ਕਲੱਬ ਦੀਆਂ ਗਤੀਵਿਧੀਆਂ ‘ਤੇ ਲਿਜਾਉਣਾ, ਜਾਂ ਐਮਰਜੈਂਸੀ ਰਾਹਤ ਭੋਜਨ ਪਾਰਸਲ ਪਹੁੰਚਾਉਣਾ। ਤੁਸੀਂ ਸ਼ਾਇਦ ਆਪਣਾ ਵਾਹਨ ਜਾਂ ਕਿਸੇ ਸੰਗਠਨ ਦੇ ਵਾਹਨ ਦੀ ਵਰਤੋਂ ਕਰ ਸਕਦੇ ਹੋ।

# ਜਦੋਂ ਮੈਂ ਵਲੰਟੀਅਰ ਕੰਮ ਕਰਦਾ/ਕਰਦੀ ਹਾਂ ਤਾਂ ਮੈਂ ਕੀ ਉਮੀਦ ਕਰ ਸਕਦਾ/ਸਕਦੀ ਹਾਂ?

ਇਸ ਤੋਂ ਪਹਿਲਾਂ ਕਿ ਤੁਹਾਨੂੰ ਇੱਕ ਵਲੰਟੀਅਰ ਵਜੋਂ ਸਵੀਕਾਰ ਕੀਤਾ ਜਾ ਸਕੇ, ਅਜਿਹੀਆਂ ਪ੍ਰਕਿਰਿਆਵਾਂ ਅਤੇ ਨੀਤੀਆਂ ਹਨ ਜਿਨ੍ਹਾਂ ਦੀ ਪਾਲਣਾ ਕਰਨ ਦੀ ਲੋੜ ਹੁੰਦੀ ਹੈ।

ਇਹ ਇੱਕ ਵਲੰਟੀਅਰ ਵਜੋਂ ਤੁਹਾਡੀ, ਉਸ ਸੰਗਠਨ ਜਾਂ ਗਾਹਕਾਂ ਦੀ ਰੱਖਿਆ ਕਰਦੀਆਂ ਹਨ ਜਿਨ੍ਹਾਂ ਨਾਲ ਤੁਸੀਂ ਕੰਮ ਕਰ ਰਹੇ ਹੋ ਸਕਦੇ ਹੋ।

# ਦਾਖਲਾ ਪ੍ਰਕਿਰਿਆ

ਤੁਹਾਨੂੰ ਇਹ ਕੰਮ ਕਰਨ ਦੀ ਲੋੜ ਹੋਵੇਗੀ:

- ਅਰਜ਼ੀ ਫਾਰਮ ਭਰੋ,
- ਪਛਾਣ ਦਾ ਸਬੂਤ ਮੁਹੱਈਆ ਕਰੋ,
- ਇੱਕ ਰਸਮੀ ਜਾਂ ਗੈਰ ਰਸਮੀ ਇੰਟਰਵਿਊ ਦਿਓ,
- ਰੈਫਰੈਂਸ ਮੁਹੱਈਆ ਕਰੋ (ਨਿੱਜੀ ਰੈਫਰੈਂਸ ਢੁਕਵੇਂ ਹੋ ਸਕਦੇ ਹਨ, ਪਰ ਅਕਸਰ ਵਧੇਰੇ ਰਸਮੀ ਜਾਂ ਪੇਸ਼ੇਵਰ ਰੈਫਰੈਂਸ ਦੀ ਲੋੜ ਹੁੰਦੀ ਹੈ)।

ਸਵੀਕਾਰ ਕੀਤੇ ਜਾਣ ਲਈ ਕਈ ਹਫ਼ਤਿਆਂ ਤੱਕ ਇੰਤਜ਼ਾਰ ਕਰਨਾ ਆਮ ਗੱਲ ਹੈ।

**ਕੀ ਤੁਸੀ ਜਾਣਦੇ ਹੋ?** ਬਹੁਤ ਸਾਰੇ ਸੰਗਠਨ ਤੁਹਾਡੇ ਲਈ ਰਾਸ਼ਟਰੀ ਪੁਲਿਸ ਸਰਟੀਫਿਕੇਟ (ਪੁਲਿਸ ਜਾਂਚ) ਲਈ ਅਰਜ਼ੀ ਦੇਣਗੇ। ਉਹਨਾਂ ਨੂੰ ਅਜਿਹਾ ਕਰਨ ਦੇਣ ਲਈ ਤੁਹਾਨੂੰ ਸਹਿਮਤੀ ਫਾਰਮ ‘ਤੇ ਦਸਤਖ਼ਤ ਕਰਨੇ ਪੈਣਗੇ। ਵਾਪਸ ਆਉਣ ਵਾਲਾ ਦਸਤਾਵੇਜ਼ ਤੁਹਾਡਾ ਹੁੰਦਾ ਹੈ, ਪਰ ਸੰਗਠਨ ਇਸ ਫਾਰਮ ਦੀ ਇੱਕ ਕਾਪੀ ਉਨ੍ਹਾਂ ਦੀਆਂ ਫਾਈਲਾਂ ਵਿੱਚ ਰੱਖਣ ਲਈ ਸਹਿਮਤੀ ਮੰਗ ਸਕਦਾ ਹੈ। ਬਹੁਤ ਸਾਰੇ ਸੰਗਠਨ ਇਸ ਪ੍ਰਵਾਨਗੀ ਦੀ ਕੀਮਤ ਨੂੰ ਪੂਰਾ ਕਰਨਗੇ। ਆਪਣੀ ਇੰਟਰਵਿਊ ਦੇ ਸਮੇਂ ਸੰਗਠਨ ਨਾਲ ਸੰਪਰਕ ਕਰੋ।

ਜੇ ਤੁਸੀਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਨਾਲ ਕੰਮ ਕਰਨ ਜਾ ਰਹੇ ਹੋ ਤਾਂ ਤੁਹਾਨੂੰ ਬੱਚਿਆਂ ਲਈ ਕੰਮ ਕਰਨ ਦੀ ਜਾਂਚ ਕਰਨ ਲਈ ਅਰਜ਼ੀ ਦੇਣ ਦੀ ਲੋੜ ਵੀ ਹੋ ਸਕਦੀ ਹੈ – ਤੁਹਾਨੂੰ ਪੋਸਟ ਆਫਿਸ ਤੋਂ ਫਾਰਮ ਲੈਣ ਦੀ ਲੋੜ ਹੋਵੇਗੀ। ਤੁਹਾਨੂੰ ਸੰਗਠਨ ਨੂੰ ਇਸ ਫਾਰਮ ‘ਤੇ ਇਹ ਕਹਿੰਦੇ ਹੋਏ ਦਸਤਖਤ ਕਰਨ ਲਈ ਕਹਿਣਾ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਨਾਲ ਵਲੰਟੀਅਰ ਬਣੋਗੇ। ਫਿਰ ਤੁਹਾਨੂੰ ਫੀਸ ਤੋਂ ਛੋਟ ਦਿੱਤੀ ਜਾਂਦੀ ਹੈ। ਵਧੇਰੇ ਜਾਣਕਾਰੀ **Working with Children** (ਬੱਚਿਆਂ ਨਾਲ ਕੰਮ ਕਰਨਾ) ਵੈੱਬਸਾਈਟ, **www.workingwithchildren.wa.gov.au** ‘ਤੇ ਮਿਲ ਸਕਦੀ ਹੈ।



# ਕੇਸ ਅਧਿਐਨ - ਏਰ

**ਕ ਰੈਜ਼ਿਊਮੇ ਤਿਆਰ ਕਰਨਾ**

"ਮੈਂ ਇੱਕ ਕਮਿਉਨਿਟੀ ਸੈਂਟਰ ਵਿੱਚ ਇੱਕ ਵਲੰਟੀਅਰ ਆਈਟੀ ਟਿਊਟਰ ਦੇ ਅਹੁਦੇ ਲਈ ਗਿਆ ਸੀ। ਮੈਨੂੰ ਸੱਚਮੁੱਚ ਹੈਰਾਨੀ ਹੋਈ ਕਿਉਂਕਿ ਉਹ ਚਾਹੁੰਦੇ ਸਨ ਕਿ ਮੈਂ ਇੱਕ ਰੈਜ਼ਿਊਮੇ ਭੇਜਾਂ, ਜਿਵੇਂ ਕਿ ਮੈਂ ਨੌਕਰੀ ਲਈ ਜਾ ਰਿਹਾ ਸੀ!

ਮੇਰੇ ਕੋਲ ਆਪਣੇ ਦੇਸ਼ ਤੋਂ ਇੱਕ ਰੈਜ਼ਿਊਮੇ ਸੀ ਪਰ ਇਹ ਪੁਰਾਣਾ ਸੀ। ਇਸ ਲਈ ਮੈਂ ਆਨਲਾਈਨ ਗਿਆ ਅਤੇ ਰਿਜ਼ਊਮੇ ਦੀਆਂ ਕੁਝ ਉਦਾਹਰਨਾਂ ਦੇਖੀਆਂ। ਮੈਂ ਇੱਕ ਨੂੰ ਆਪਣਾ ਰਿਜ਼ਊਮੇ ਲਿਖਣ ਲਈ ਇੱਕ ਨੂੰ ਮਾਡਲ ਵਜੋਂ ਵਰਤਿਆ।"

ਜੇ ਤੁਹਾਨੂੰ ਆਪਣਾ ਰਿਜ਼ਊਮੇ ਲਿਖਣ ਵਿੱਚ ਮਦਦ ਚਾਹੀਦੀ ਹੈ, ਤਾਂ ਇਹ ਵੈੱਬਸਾਈਟਾਂ ਮਦਦ ਕਰ ਸਕਦੀਆਂ ਹਨ:

**www.seek.com.au/career-advice/category/resumes**

**www.mmrcwa.org.au**

# ਜਦੋਂ ਤੁਸੀਂ ਆਪਣਾ ਵਲੰਟੀਅਰ ਕੰਮ ਸ਼ੁਰੂ ਕਰਦੇ ਹੋ, ਤਾਂ ਤੁਸੀਂ ਇਸਦੀ ਉਮੀਦ ਕਰ ਸਕਦੇ ਹੋ:

- ਅਹੁਦੇ ਦਾ ਵਰਣਨ – ਇਹ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ ਸੰਗਠਨ ਤੁਹਾਡੇ ਤੋਂ ਕੀ ਉਮੀਦ ਕਰਦਾ ਹੈ ਅਤੇ ਦਿਸ਼ਾ ਨਿਰਦੇਸ਼ ਦਿੰਦਾ ਹੈ ਤਾਂ ਜੋ ਤੁਸੀਂ ਉਨ੍ਹਾਂ ਦੀਆਂ ਉਮੀਦਾਂ ਅਤੇ ਆਪਣੇ ਟੀਚਿਆਂ ਨੂੰ ਪੂਰਾ ਕਰ ਸਕੋ।
- ਇੱਕ ਅਧਿਕਾਰਤ ਭਰਤੀ।
- ਉਹ ਸਾਰੇ ਸੰਦ ਅਤੇ ਸਰੋਤ ਜਿਨ੍ਹਾਂ ਦੀ ਤੁਹਾਨੂੰ ਉਹ ਕੰਮ ਕਰਨ ਲਈ ਲੋੜ ਹੈ ਜਿਸਦੀ ਤੁਹਾਡੇ ਤੋਂ ਕਰਨ ਦੀ ਉਮੀਦ ਕੀਤੀ ਜਾਂਦੀ ਹੈ।
- ਸੰਗਠਨ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਤੱਕ ਪਹੁੰਚ। ਇੱਕ ਸਮਰਪਿਤ ਵਲੰਟੀਅਰ ਕਿਤਾਬਚਾ ਵੀ ਹੋ ਸਕਦਾ ਹੈ।
- ਤੁਹਾਡੇ ਸਹਿਕਰਮੀਆਂ ਅਤੇ ਮੈਨੇਜਰ ਨਾਲ ਨਿਯਮਿਤ ਗੱਲਬਾਤ।
- ਤੁਹਾਡੀ ਭੂਮਿਕਾ ਦੇ ਅਧਾਰ 'ਤੇ ਜਾਰੀ ਸਿਖਲਾਈ ਦਿੱਤੀ ਜਾ ਸਕਦੀ ਹੈ

# ਕੇਸ ਅਧਿਐਨ - ਮੁਹੰਮਦ

### ਕੰਮ ਵਾਲੀ ਥਾਂ ਵਿੱਚ ਖ਼ਤਰੇ

“ਮੈਂ ਇੱਕ ਚੈਰਿਟੀ ਵੇਅਰਹਾਊਸ ਵਿੱਚ ਕੁਝ ਵਲੰਟੀਅਰ ਕੰਮ ਕਰ ਰਿਹਾ ਸੀ। ਮੈਂ ਦੇਖਿਆ ਕਿ ਲੱਕੜ ਦੇ ਦੋ ਵੱਡੇ ਬਕਸੇ ਅੱਗ ਲੱਗਣ ‘ਤੇ ਬਾਹਰ ਜਾਣ ਵਾਲੇ ਦਰਵਾਜ਼ੇ ਨੂੰ ਰੋਕ ਰਹੇ ਸਨ। ਉਹ ਮੇਰੇ ਲਈ ਚੁੱਕਣ ਵਾਸਤੇ ਬਹੁਤ ਵੱਡੇ ਸਨ। ਮੈਨੂੰ ਪੱਕਾ ਯਕੀਨ ਨਹੀਂ ਸੀ ਕਿ ਕੀ ਮੈਨੂੰ ਆਪਣੇ ਸੁਪਰਵਾਈਜ਼ਰ ਨੂੰ ਦੱਸਣਾ ਚਾਹੀਦਾ ਹੈ ਪਰ ਮੈਂ ਸੋਚਿਆ, ‘ਜੇ ਅੱਗ ਲੱਗ ਜਾਵੇ ਤਾਂ ਕੀ ਹੋਵੇਗਾ? ਲੋਕ ਬਾਹਰ ਨਹੀਂ ਨਿਕਲ ਸਕਣਗੇ।’

ਮੈਂ ਸੁਪਰਵਾਈਜ਼ਰ ਨੂੰ ਦੱਸਿਆ ਅਤੇ ਉਹ ਸੱਚਮੁੱਚ ਖੁਸ਼ ਸੀ ਕਿ ਮੈਂ ਇਹ ਦੱਸਿਆ। ਉਸਨੇ ਕਿਹਾ ਕਿ ਇਹ ਚੰਗਾ ਸੀ ਕਿ ਮੈਂ ਦੇਖਿਆ ਅਤੇ ਇਸ ਤੋਂ ਵੀ ਬਿਹਤਰ ਇਹ ਸੀ ਕਿ ਮੈਂ ਇਸ ਬਾਰੇ ਕੁਝ ਕਿਹਾ। ਉਸਨੇ ਬਕਸਿਆਂ ਨੂੰ ਰਸਤੇ ਤੋਂ ਹਟਾਉਣ ਲਈ ਫੋਰਕਲਿਫਟ ਟਰੱਕ ਡਰਾਈਵਰ ਦਾ ਪ੍ਰਬੰਧ ਕੀਤਾ।”

# ਇੱਕ ਵਲੰਟੀਅਰ ਹੋਣ ਦੇ ਨਾਤੇ ਤੁਹਾਡੇ ਕੋਲ ਆਪਣੇ ਵਿਅਕਤੀਗਤ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ

### ਤੁਹਾਨੂੰ ਚਾਹੀਦਾ ਹੈ:

- ਇਹ ਪੱਕਾ ਕਰੋ ਕਿ ਤੁਸੀਂ ਆਪਣੇ ਕੰਮ ਵਿੱਚ ਅਤੇ ਉਸ ਕੰਮ ਵਿੱਚ ਤੁਹਾਡੇ ਸੰਗਠਨ ਦੀਆਂ ਤੁਹਾਡੇ ਤੋਂ ਉਮੀਦਾਂ ਤੋਂ ਖੁਸ਼ ਹੋ। ਤੁਹਾਡੀ ਇੰਟਰਵਿਊ ਇਹ ਪੁਸ਼ਟੀ ਕਰਨ ਦਾ ਇੱਕ ਚੰਗਾ ਮੌਕਾ ਹੈ ਕਿ ਇਹ ਤੁਹਾਡੇ ਲਈ ਸਹੀ ਕੰਮ ਹੈ।
- ਇੱਕ ਵਾਰ ਕੰਮ ਪ੍ਰਤੀ ਵਚਨਬੱਧ ਹੋਣ ‘ਤੇ, ਸਹਿਮਤ ਸਮਿਆਂ ‘ਤੇ ਹਾਜ਼ਰ ਹੋਵੋ ਅਤੇ ਆਪਣਾ ਕੰਮ ਕਰਨ ਲਈ ਲੋੜੀਂਦੀ ਸਿਖਲਾਈ ਵਿੱਚ ਹਿੱਸਾ ਲਵੋ।
- ਜੇ ਤੁਸੀਂ ਆਪਣੇ ਸਹਿਮਤ ਹੋਏ ਘੰਟਿਆਂ ਨੂੰ ਪੂਰਾ ਨਹੀਂ ਕਰ ਸਕਦੇ ਹੋ ਤਾਂ ਲੋੜੀਂਦਾ ਨੋਟਿਸ ਦਿਓ – ਵਲੰਟੀਅਰਾਂ ਕੋਲ ਅਸੀਮਿਤ ਸਾਲਾਨਾ ਛੁੱਟੀ ਹੁੰਦੀ ਹੈ (ਪਰ ਕਿਰਪਾ ਕਰਕੇ ਸੰਗਠਨਾਂ ਨੂੰ ਇੰਟਰਵਿਊ ਦੌਰਾਨ ਤੁਹਾਡੀਆਂ ਅਨੁਮਾਨਿਤ ਨਿੱਜੀ ਵਚਨਬੱਧਤਾਵਾਂ ਬਾਰੇ ਕੁਝ ਵਿਚਾਰ ਦਿਓ)।
- ਉਨ੍ਹਾਂ ਕਿਸੇ ਵੀ ਸ਼ਿਕਾਇਤਾਂ ਬਾਰੇ, ਜੋ ਤੁਹਾਨੂੰ ਹੋ ਸਕਦੀਆਂ ਹਨ, ਸੰਗਠਨ ਦੀਆਂ ਅਧਿਕਾਰਤ ਸ਼ਿਕਾਇਤ ਪ੍ਰਕਿਰਿਆਵਾਂ ਦੁਆਰਾ ਉਨ੍ਹਾਂ ਨੂੰ ਸੂਚਿਤ ਕਰੋ।
- ਸਹਿਕਰਮੀਆਂ ਅਤੇ ਗਾਹਕਾਂ (ਜੇ ਗਾਹਕਾਂ ਨਾਲ ਕੰਮ ਕਰ ਰਹੇ ਹੋ) ਆਦਰ ਅਤੇ ਸਤਿਕਾਰ ਨਾਲ ਵਿਹਾਰ ਕਰੋ ਅਤੇ ਸੰਗਠਨਾਤਮਕ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਕਰੋ।
- ਤੁਹਾਡੇ ਸਾਹਮਣੇ ਆਉਣ ਵਾਲੇ ਕਿਸੇ ਵੀ ਅਸੁਰੱਖਿਅਤ ਕੰਮ ਦੇ ਅਭਿਆਸਾਂ ਜਾਂ ਖ਼ਤਰਿਆਂ ਬਾਰੇ ਤੁਰੰਤ ਸੰਗਠਨ ਨੂੰ ਸੂਚਿਤ ਕਰੋ।



# ਕੇਸ ਅਧਿਐਨ - ਜਿਲ

**ਫੀਡਬੈਕ ਬਾਰੇ ਚਿੰਤਾ ਨਾ ਕਰੋ**

“ਮੈਂ ਇੱਕ ਓਪ ਸ਼ਾਪ ਵਿੱਚ ਇੱਕ ਵਾਲੰਟੀਅਰ ਹਾਂ। ਜਦੋਂ ਮੈਂ ਆਪਣਾ ਵਲੰਟੀਅਰ ਕੰਮ ਕਰਨਾ ਸ਼ੁਰੂ ਕੀਤਾ, ਤਾਂ ਮੇਰਾ ਪਹਿਲਾ ਕੰਮ ਦਾਨ ਕੀਤੇ ਗਏ ਕੱਪੜਿਆਂ ਨੂੰ ਛਾਂਟਣਾ ਸੀ। ਮੈਂ ਰੰਗ ਅਨੁਸਾਰ ਛਾਂਟੀ ਕਰਨਾ ਸ਼ੁਰੂ ਕਰ ਦਿੱਤਾ।

ਮੇਰਾ ਸੁਪਰਵਾਈਜ਼ਰ ਆਇਆ ਅਤੇ ਉਸ ਨੇ ਕਿਹਾ, ‘ਤੁਹਾਨੂੰ ਉਨ੍ਹਾਂ ਨੂੰ ਆਕਾਰ ਅਨੁਸਾਰ ਛਾਂਟਣਾ ਚਾਹੀਦਾ ਹੈ।’

ਮੈਂ ਬਹੁਤ ਸ਼ਰਮਿੰਦਾ ਮਹਿਸੂਸ ਕੀਤਾ ਪਰ ਮੈਂ ਕਿਹਾ, ‘ਮੈਨੂੰ ਇਹ ਦੱਸਣ ਲਈ ਧੰਨਵਾਦ। ਮੈਂ ਇਹ ਗਲਤੀ ਦੁਬਾਰਾ ਨਹੀਂ ਕਰਾਂਗੀ। ‘

ਮੈਂ ਸਿੱਖਿਆ ਹੈ ਕਿ ਇਹ ਮਹੱਤਵਪੂਰਨ ਨਹੀਂ ਹੈ ਕਿ ਮੈਂ ਗਲਤੀ ਕੀਤੀ। ਹਰ ਕੋਈ ਗਲਤੀਆਂ ਕਰਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਮੈਂ ਫੀਡਬੈਕ ‘ਤੇ ਕਿਵੇਂ ਜਵਾਬ ਦਿੰਦੀ ਹਾਂ।”

# ਸੰਗਠਨਾਂ ਨੂੰ ਇਹ ਕੰਮ ਕਰਨੇ ਚਾਹੀਦੇ ਹਨ:

- ਇੱਕ ਸੁਰੱਖਿਅਤ ਕੰਮ ਵਾਲੀ ਥਾਂ ਪ੍ਰਦਾਨ ਕਰੋ।
- ਭੂਮਿਕਾ ਦਾ ਇੱਕ ਅਹੁਦੇ ਦਾ ਵੇਰਵਾ ਮੁਹੱਈਆ ਕਰੋ।
- ਸਾਰੇ ਵਲੰਟੀਅਰਾਂ ਨੂੰ ਬਰਾਬਰ ਮੌਕੇ ਅਤੇ ਵਿਤਕਰਾ-ਵਿਰੋਧੀ ਕਾਨੂੰਨ ਦੇ ਅਨੁਸਾਰ ਸ਼ਾਮਲ ਕਰੋ।
- ਸਾਰੀ ਭਰਤੀ, ਜਾਣ-ਪਛਾਣ ਅਤੇ ਨਿਰੰਤਰ ਸਿਖਲਾਈ ਅਤੇ ਸਹਾਇਤਾ ਪ੍ਰਦਾਨ ਕਰੋ ਜਿਸਦੀ ਵਾਲੰਟੀਅਰ ਨੂੰ ਉਨ੍ਹਾਂ ਤੋਂ ਉਮੀਦ ਕੀਤੇ ਕੰਮ ਨੂੰ ਪੂਰਾ ਕਰਨ ਲਈ ਲੋੜ ਹੁੰਦੀ ਹੈ।
- ਇੱਕ ਵਲੰਟੀਅਰ ਲਈ ਕਿਤਾਬਚੇ ਸਮੇਤ, ਸੰਗਠਨ ਦੀਆਂ ਨੀਤੀਆਂ ਅਤੇ ਕਾਰਜ ਪ੍ਰਣਾਲੀਆਂ ਤਕ ਪਹੁੰਚ ਪ੍ਰਦਾਨ ਕਰੋ – ਜੇ ਕਿਸੇ ਛੋਟੇ ਵਾਲੰਟੀਅਰਾਂ ਦੁਆਰਾ ਚਲਾਏ ਜਾਂਦੇ ਕਮਿਊਨਿਟੀ ਗਰੁੱਪ ਲਈ ਵਲੰਟੀਅਰ ਦਾ ਕੰਮ ਕਰ ਰਹੇ ਹੋ, ਤਾਂ ਇਹ ਦਸਤਾਵੇਜ਼ ਬਹੁਤ ਛੋਟੇ ਸਕਦੇ ਹਨ, ਪਰ ਜੇ ਤੁਸੀਂ ਕਿਸੇ ਵੱਡੀ ਚੈਰਿਟੀ ਨਾਲ ਵਲੰਟੀਅਰ ਬਣ ਰਹੇ ਹੋ ਤਾਂ ਇਹ ਵਿਸ਼ਾਲ ਹੋ ਸਕਦੇ ਹਨ।
- ਇਹ ਪੱਕਾ ਕਰੋ ਕਿ ਵਲੰਟੀਅਰਾਂ ਦੇ ਵਿਚਕਾਰ ਅਤੇ ਵਾਲੰਟੀਅਰਾਂ ਅਤੇ ਉਨ੍ਹਾਂ ਦੇ ਸੁਪਰਵਾਈਜ਼ਰਾਂ ਵਿਚਕਾਰ ਇੱਕ ਸਭਿਆਚਾਰਕ ਅਤੇ ਚੰਗਾ ਸੰਚਾਰ ਹੈ।
- ਲੋੜੀਂਦਾ ਵਲੰਟੀਅਰ ਬੀਮਾ ਮੁਹੱਈਆ ਕਰੋ।
- ਕਿਸੇ ਵੀ ਮਨਜ਼ੂਰਸ਼ੁਦਾ ਜੇਬ ਵਿੱਚੋਂ ਖਰਚਿਆਂ ਲਈ ਭਰਪਾਈ ਕਰੋ।



# ਸੋਸਾਇਟੀ ਲਈ ਚੰਗਾ – ਵਾਲੰਟੀਅਰ ਲਈ ਚੰਗਾ

### ਵਲੰਟੀਅਰ ਕਿਉਂ ਬਣੀਏ?

- ਇਹ ਤੁਹਾਡੀ ਵਿਸ਼ਾਲ ਕਮਿਉਨਿਟੀ ਨਾਲ ਜੁੜਿਆ ਮਹਿਸੂਸ ਕਰਨ ਵਿੱਚ ਤੁਹਾਡੀ ਸਹਾਇਤਾ ਕਰਦਾ ਹੈ
- ਤੁਹਾਨੂੰ ਮਕਸਦ ਦੀ ਭਾਵਨਾ ਦਿੰਦਾ ਹੈ,
- ਨਵੇਂ ਦੋਸਤ ਬਣਾਉਣ ਵਿੱਚ ਤੁਹਾਡੀ ਮਦਦ ਕਰਦਾ ਹੈ,
- ਇੱਕ ਮਜ਼ੇਦਾਰ ਅਤੇ ਫਾਇਦੇਮੰਦ ਤਜਰਬਾ ਪ੍ਰਦਾਨ ਕਰਦਾ ਹੈ,
- ਚੰਗੀ ਮਾਨਸਿਕ ਅਤੇ ਸਰੀਰਕ ਸਿਹਤ ਵਿੱਚ ਯੋਗਦਾਨ ਪਾਉਂਦਾ ਹੈ,
- ਨਵੇਂ ਹੁਨਰ ਸਿੱਖਣ ਦੇ ਮੌਕੇ ਪ੍ਰਦਾਨ ਕਰਦਾ ਹੈ,
- ਤੁਹਾਡੇ ਮੌਜੂਦਾ ਹੁਨਰ ਦਿਖਾਉਣ ਲਈ ਇੱਕ ਸਥਾਨ ਦਿੰਦਾ ਹੈ, ਅਤੇ
- ਕੰਮ ਦਾ ਤਜਰਬਾ ਪ੍ਰਦਾਨ ਕਰਦਾ ਹੈ ਜੋ ਤੁਹਾਨੂੰ ਭੁਗਤਾਨ ਵਾਲਾ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ।

# ਵਲੰਟੀਅਰ ਕੰਮ ਕਰਨ ਬਾਰੇ ਵਾਲੰਟੀਅਰ ਕੀ ਕਹਿੰਦੇ ਹਨ?

**"ਵਾਲੰਟੀਅਰ ਕੰਮ ਕਰਨਾ... ਇਹ ਮੈਨੂੰ ਮੇਰੇ ਭਾਈਚਾਰੇ ਦੇ ਸੰਪਰਕ ਵਿੱਚ ਰੱਖਦਾ ਹੈ ਅਤੇ ਹੋਰਨਾਂ ਲੋਕਾਂ ਦੀਆਂ ਜ਼ਿੰਦਗੀਆਂ ਬਾਰੇ ਜਾਣਨ ਵਿੱਚ ਮਦਦ ਕਰਦਾ ਹੈ।"**
ਮੈਲਕਮ, ਉਮਰ 63

**"ਇਹ ਬਸ ਉਹੀ ਹੈ ਜੋ ਤੁਸੀਂ ਕਰਦੇ ਹੋ ਅਤੇ ਮਜ਼ੇਦਾਰ ਹੈ ਅਤੇ ਤੁਸੀਂ ਬਹੁਤ ਪਿਆਰੇ ਲੋਕਾਂ ਨੂੰ ਮਿਲਦੇ ਹੋ।"**
ਸੈਨੈਂਡਰਾ, ਉਮਰ 29

**"ਉਤੇਜਕ, ਚੁਣੌਤੀ ਭਰਪੂਰ ਅਤੇ ਕਦੇ-ਕਦੇ ਥਕਾਉਣ ਵਾਲਾ। ਪਰ ਹਮੇਸ਼ਾਂ ਫਾਇਦੇਮੰਦ ਹੁੰਦਾ ਹੈ। "**
ਇਆਨ, ਉਮਰ 69

**"ਇਹ ਪੂਰੀ ਤਰ੍ਹਾਂ ਨਾਲ ਇੱਕ ਵਿਸ਼ੇਸ਼ ਅਧਿਕਾਰ ਹੈ।"**
ਫੋਬੀ, ਉਮਰ 48





# ਸ਼ੁਰੂਆਤ ਕਰਨੀ

**ਵਿਚਾਰਨ ਵਾਲੀਆਂ ਗੱਲਾਂ:**

- ਮੇਰੀ ਉਪਲਬਧਤਾ ਕੀ ਹੈ?
- ਮੈਂ ਉਥੇ ਕਿਵੇਂ ਪਹੁੰਚਾਂਗਾ?
- ਮੇਰੇ ਕੋਲ ਕਿਹੜੇ ਹੁਨਰ ਅਤੇ ਤਜਰਬੇ ਹਨ?
- ਮੈਂ ਕੀ ਕਰਨਾ ਚਾਹੁੰਦਾ/ਚਾਹੁੰਦੀ ਹਾਂ ਅਤੇ ਮੈਂ ਕੀ ਨਹੀਂ ਕਰਨਾ ਚਾਹੁੰਦਾ/ਚਾਹੁੰਦੀ ਹਾਂ?
- ਮੈਂ ਆਪਣੇ ਵਲੰਟੀਅਰ ਦੇ ਕੰਮ ਦੁਆਰਾ ਕੀ ਪ੍ਰਾਪਤ ਕਰਨਾ ਚਾਹੁੰਦਾ/ਚਾਹੁੰਦੀ ਹਾਂ?
- ਕੀ ਸੰਗਠਨ ਦਾ ਉਦੇਸ਼ ਅਤੇ ਗਤੀਵਿਧੀਆਂ ਮੇਰੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਨਾਲ ਮੇਲ ਖਾਂਦੀਆਂ ਹਨ?

# ਕੇਸ ਅਧਿਐਨ - ਇੰਦਰਾਹ

**ਇਹ ਪਤਾ ਲਗਾਉਣਾ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ**

“ਮੈਂ ਇੱਕ ਅਕਾਉਂਟੈਂਟ ਵਜੋਂ ਕੰਮ ਕੀਤਾ ਹੈ ਇਸ ਲਈ ਮੈਨੂੰ ਨੰਬਰਾਂ ਦੀ ਚੰਗੀ ਜਾਣਕਾਰੀ ਹੈ ਅਤੇ ਮੈਨੂੰ ਕਿਸੇ ਦਫਤਰ ਦਾ ਸਾਰਾ ਕੰਮਕਾਜ ਪਤਾ ਹੈ। ਮੈਨੂੰ ਲੋਕਾਂ ਦੀ ਮਦਦ ਕਰਨਾ ਵੀ ਚੰਗਾ ਲੱਗਦਾ ਹੈ। ਮੈਨੂੰ ਨਵੇਂ ਲੋਕਾਂ ਨੂੰ ਮਿਲਣਾ ਅਤੇ ਉਨ੍ਹਾਂ ਦੀਆਂ ਕਹਾਣੀਆਂ ਸੁਣਨਾ ਪਸੰਦ ਹੈ।

ਮੈਨੂੰ ਲੱਗਦਾ ਹੈ ਕਿ ਮੈਂ ਇਮਾਰਤ ਦੇ ਅੰਦਰ ਕੰਮ ਕਰਨਾ ਪਸੰਦ ਕਰਾਂਗੀ। ਮੈਂ ਗੰਦਾ ਹੋਣਾ ਪਸੰਦ ਨਹੀਂ ਕਰਦੀ ਇਸ ਲਈ ਮੈਂ ਬਾਗਬਾਨੀ ਕਰਨ ਜਾਂ ਚੀਜ਼ਾਂ ਬਣਾਉਣ ਵਿੱਚ ਵਧੀਆ ਨਹੀਂ ਹਾਂ। ਜਦੋਂ ਮੇਰੀ ਦਾਦੀ ਅਤੇ ਮੇਰੇ ਮਾਪੇ ਬਿਮਾਰ ਸਨ ਤਾਂ ਮੈਂ ਉਹਨਾਂ ਦੀ ਸਹਾਇਤਾ ਕੀਤੀ ਸੀ ਇਸ ਲਈ ਮੈਂ ਸਮਝਦੀ ਹਾਂ ਕਿ ਬਜ਼ੁਰਗਾਂ ਦੀ ਮਦਦ ਕਿਵੇਂ ਕਰਨੀ ਹੈ।

ਮੈਨੂੰ ਲਗਦਾ ਹੈ ਕਿ ਮੇਰੇ ਅੰਦਰ ਸਬਰ ਹੈ ਪਰ ਮੈਨੂੰ ਨਹੀਂ ਲੱਗਦਾ ਕਿ ਮੈਂ ਬਹੁਤ ਸਾਰੇ ਬੱਚਿਆਂ ਨਾਲ ਕੰਮ ਕਰ ਸਕਦੀ ਹਾਂ। ਮੇਰੀ ਇੱਕ ਧੀ ਹੈ। ਉਹ ਪਿਆਰੀ ਹੈ ਪਰ ਮੇਰੇ ਲਈ ਉਹ ਕਾਫ਼ੀ ਹੈ!

ਆਪਣਾ ਵਲੰਟੀਅਰ ਦਾ ਕੰਮ ਕਰਨ ਲਈ ਮੈਨੂੰ ਬੱਸ ਵਿੱਚ ਸਫਰ ਕਰਨ ਦੀ ਲੋੜ ਹੁੰਦੀ ਹੈ।”

ਇੰਦਰਾਹ ਕਮਿਉਨਿਟੀ ਲੀਗਲ ਸੈਂਟਰ ਵਿਖੇ ਰਿਸੈਪਸ਼ਨ ਡੈਸਕ ‘ਤੇ ਵਾਲੰਟੀਅਰ ਵਜੋਂ ਕੰਮ ਕਰਦੀ ਹੈ। ਉਸਨੂੰ ਉਹਨਾਂ ਸਾਰੇ ਵੱਖ-ਵੱਖ ਲੋਕਾਂ ਨੂੰ ਮਿਲਣਾ ਚੰਗਾ ਲੱਗਦਾ ਹੈ ਜੋ ਦਫਤਰ ਵਿੱਚ ਅਪਾਇੰਟਮੈਂਟਾਂ ਲਈ ਆਉਂਦੇ ਹਨ ਅਤੇ ਵਿੱਤੀ ਰਿਕਾਰਡ ਪ੍ਰਬੰਧਨ ਅਤੇ ਪ੍ਰਸ਼ਾਸਨ ਵਿੱਚ ਸਹਾਇਤਾ ਕਰਦੀ ਹੈ।



# ਅੱਗੇ ਵਧਣਾ

ਇੱਕ ਰੈਜ਼ਿਊਮੇ ਲਿਖੋ ਅਤੇ ਢੁਕਵੇਂ ਰੈਫਰੈਂਸ ਲੱਭੋ

→ ਕਿਸੇ ਵਲੰਟੀਅਰ ਰਿਸੋਰਸ ਸੈਂਟਰ ਜਾਂ ਵਲੰਟੀਅਰ WA ਨਾਲ ਸੰਪਰਕ ਕਰੋ

→ ਅਖ਼ਬਾਰ ਵਿੱਚ, ਆਨਲਾਈਨ www.volunteer.com.au, www.seek.com ਜਾਂwww.volunteeringwa.org.au ‘ਤੇ ਮੌਕਿਆਂ ਦੀ ਤਲਾਸ਼ ਕਰੋ ਜਾਂ GoVolunteer App ਡਾਊਨਲੋਡ ਕਰੋ।

→ ਅਰਜ਼ੀ ਦਿਓ

→ ਇੰਟਰਵਿਊ

→ ਭੂਮਿਕਾ ਨੂੰ ਸਵੀਕਾਰ ਜਾਂ ਅਸਵੀਕਾਰ ਕਰੋ

→ ਸ਼ੁਰੂ ਕਰਨ ਦੀ ਤਾਰੀਖ

→ ਭਰਤੀ ਅਤੇ ਸਿਖਲਾਈ

→ ਸਾਥੀਆਂ ਨੂੰ ਮਿਲੋ ਅਤੇ ਨਵੇਂ ਦੋਸਤ ਬਣਾਓ

→ ਆਪਣੇ ਵਲੰਟੀਅਰ ਬਣਨ ਦਾ ਅਨੰਦ ਲਵੋ

ਵਲੰਟੀਅਰ ਕੰਮ ਕਰਨਾ ਇੱਕ ਆਪਸੀ ਲਾਭਦਾਇਕ ਤਜਰਬਾ ਹੋਣਾ ਚਾਹੀਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਕੰਮ ਉਹ ਨਹੀਂ ਹੈ ਜਿਸਦੀ ਤੁਸੀਂ ਉਮੀਦ ਕੀਤੀ ਸੀ, ਤਾਂ ਤੁਸੀਂ ਛੱਡਣ ਲਈ ਸੁਤੰਤਰ ਹੋ। ਅਜਿਹਾ ਕਰਨ ਦਾ ਆਦਰਯੋਗ ਢੰਗ ਹੈ ਇੱਕ ਉਚਿਤ ਨੋਟਿਸ ਦੇਣਾ ਹੈ ਤਾਂ ਜੋ ਸੰਗਠਨ ਕਿਸੇ ਹੋਰ ਨੂੰ ਲੱਭ ਸਕੇ।

ਤੁਸੀਂ ਕਈ ਵੱਖ-ਵੱਖ ਭੂਮਿਕਾਵਾਂ ਅਜ਼ਮਾ ਸਕਦੇ ਹੋ।

## ਵੀਜ਼ਾ ‘ਤੇ ਵਲੰਟੀਅਰ ਕੰਮ ਕਰਨਾ

ਜੇ ਤੁਸੀਂ ਆਸਟ੍ਰੇਲੀਆ ਵਿੱਚ ਵੀਜ਼ਾ ‘ਤੇ ਹੋ, ਤਾਂ ਤੁਹਾਨੂੰ ਇਹ ਜਾਂਚ ਕਰਨ ਦੀ ਲੋੜ ਹੋਵੇਗੀ ਕਿ ਤੁਸੀਂ ਕਾਨੂੰਨੀ ਤੌਰ ‘ਤੇ ਵਲੰਟੀਅਰ ਵਜੋਂ ਕੰਮ ਕਰ ਸਕਦੇ ਹੋ। ਜੇ ਤੁਹਾਨੂੰ ਕੰਮ ਕਰਨ ਦਾ ਅਧਿਕਾਰ ਹੈ, ਤਾਂ ਤੁਹਾਨੂੰ ਵਲੰਟੀਅਰ ਬਣਨ ਦਾ ਵੀ ਅਧਿਕਾਰ ਹੈ। ਆਪਣੀ ਸਥਿਤੀ ਦੀ ਜਾਂਚ ਕਰਨ ਲਈ, ਡਿਪਾਰਟਮੇਂਟ ਆਫ ਹੋਮ ਅਫੇਅਰਸ ਨਾਲ **131 881** ‘ਤੇ ਸੰਪਰਕ ਕਰੋ ਜਾਂ **www.immi.homeaffairs.gov.au/visas/already-have-a-visa/check-visa-details-and-conditions** ‘ਤੇ ਜਾਓ।








# ਸਾਡੇ ਨਾਲ ਸੰਪਰਕ ਕਰੋ

**ਅਸੀਂ ਹਰ ਸਾਲ ਸੈਂਕੜੇ ਲੋਕਾਂ ਦੀ ਵਲੰਟੀਅਰ ਬਣਨ ਦੇ ਕੀਮਤੀ ਤਜਰਬੇ ਲੱਭਣ ਵਿੱਚ ਮਦਦ ਕਰਦੇ ਹਾਂ।**

ਸਾਡੇ ਮਿਡਲਲੈਂਡ, ਏਲੇਨਬਰੂਕ, ਬੈਲਾਜੁਰਾ, ਬੀਚਬਰੋ ਅਤੇ ਬੁਲਸਬਰੁਕ ਵਿੱਚ ਦਫਤਰ ਹਨ।

ਅਪਾਇੰਟਮੇਂਟ ਲੈਣ ਲਈ 9278 9690 ‘ਤੇ ਫੋਨ ਕਰੋ ਜਾਂ **swan.volunteers@swan.wa.gov.au** ‘ਤੇ ਈਮੇਲ ਕਰੋ।

ਉਪਲਬਧ ਅਹੁਦਿਆਂ ਅਤੇ ਵਲੰਟੀਅਰ ਬਣਨ ਸੰਬੰਧੀ ਹੋਰ ਜਾਣਕਾਰੀ ਲੱਭਣ ਲਈ **www.swan.wa.gov.au/volunteer** ‘ਤੇ ਜਾਓ।

ਸਾਡੇ ਦੋਸਤਾਨਾ ਸਟਾਫ ਮੈਂਬਰਾਂ ਵਿੱਚੋਂ ਇੱਕ ਨੂੰ ਮਿਲਣ ਲਈ ਅੱਜ ਹੀ ਅਪਾਇੰਟਮੈਂਟ ਲਵੋ।

**The Old Midland Courthouse, 49 Helena Street, Midland**

---

ਏਕਤਾ ਅਤੇ ਆਪਸੀ ਵਿਸ਼ਵਾਸ ਦੀਆਂ ਕਦਰਾਂ-ਕੀਮਤਾਂ ‘ਤੇ ਸਥਾਪਿਤ, ਵਲੰਟੀਅਰ ਬਣਨਾ ਸਾਰੀਆਂ ਸਭਿਆਚਾਰਕ, ਭਾਸ਼ਾਈ ਅਤੇ ਭੂਗੋਲਿਕ ਸੀਮਾਵਾਂ ਨੂੰ ਪਾਰ ਕਰਦਾ ਹੈ। ਕਿਸੇ ਭੌਤਿਕ ਇਨਾਮ ਦੀ ਉਮੀਦ ਦੇ ਬਿਨਾਂ, ਆਪਣਾ ਸਮਾਂ ਅਤੇ ਹੁਨਰ ਦੇ ਕੇ, ਵਲੰਟੀਅਰ ਖੁਦ ਵੀ ਉਦੇਸ਼ ਦੀ ਇਕੱਲੀ ਭਾਵਨਾ ਦੁਆਰਾ ਉੱਪਰ ਉਠਦੇ ਹਨ। ਸੈਕ੍ਰੇਟਰੀ ਜਨਰਲ, ਸੰਯੁਕਤ ਰਾਸ਼ਟਰ, ਬਾਨ ਕੀ ਮੂਨ (5 ਦਸੰਬਰ, 2012)

www.**swan**.wa.gov.au

city of swan

City of Swan
2 Midland Square Midland
PO Box 196 Midland WA 6936
9267 9267

This document can be made available in alternative formats on request.

0002FIN-2020

